ਵਿਸ਼ਾ – ਪੰਜਾਬੀ ਜਮਾਤ – ਸੱਤਵੀਂ.....

# ਇਮਾਨਦਾਰ ਲੱਕੜਹਾਰਾ ( ਕਹਾਣੀ )




ਇੱਕ ਜੰਗਲ ਦੇ ਲਾਗੇ ਲੱਕੜਹਾਰਾ ਰਹਿੰਦਾ ਸੀ । ਉਹ ਰੋਜ ਸਵੇਰੇ ਉੱਠ ਕੇ ਜੰਗਲ਼ ਵਿੱਚੋਂ ਲੱਕੜਾਂ ਕੱਟ ਕੇ ਲਿਆਉਂਦਾ । ਮਿਹਨਤ ਅਤੇ ਮੁਸ਼ੱਕਤ ਦੇ ਨਾਲ ਜੋ ਕੁਝ ਵੀ ਉਹ ਕਮਾਉਂਦਾ ਸੀ, ਓਸੇ ਦੇ ਨਾਲ ਘਰ ਦਾ ਖ਼ਰਚ ਚਲਾਉਂਦਾ ਸੀ । ਰੁੱਖੀ-ਸੁੱਖੀ ਖਾ ਕੇ ਹੀ ਉਹ ਰੱਬ ਦਾ ਸ਼ੁਕਰ ਮਨਾਉਂਦਾ । ਪਰ ਉਸਨੇ ਕਦੇ ਵੀ ਆਪਣੇ ਕੰਮ ਵਿੱਚ ਬੇਈਮਾਨੀ ਨਹੀਂ ਕੀਤੀ । ਇੱਕ ਦਿਨ ਜਦੋਂ ਉਹ ਦਰਿਆ ਕਿਨਾਰੇ ਲੱਕੜਾਂ ਕੱਟ ਰਿਹਾ ਸੀ ਤਾਂ ਉਸ ਨੂੰ ਇੱਕ ਰੁੱਖ ਨਜ਼ਰੀਂ ਆਇਆ । ਉਸਦੇ ਲੰਮੇ, ਪਤਲੇ ਟਾਹਣੇ ਦੇਖ ਕੇ ਉਸ ਦਾ ਮਨ ਲਲਚਾਇਆ।



ਰੁੱਖ 'ਤੇ ਚੜ੍ਹ ਕੇ ਲੱਕੜਹਾਰੇ ਨੇ ਜਦੋਂ ਪਹਿਲਾ ਟੱਕ ਲਾਇਆ ਤਾਂ ਉਸਦੇ ਹੱਥੋਂ ਕੁਹਾੜਾ ਤਿਲਕ ਕੇ ਪਾਣੀ ਵਿੱਚ ਡਿੱਗ ਗਿਆ। ਇਸ ਨਾਲ ਲੱਕੜਹਾਰਾ ਬਹੁਤ ਦੁਖੀ ਹੋਇਆ ਤੇ ਪਾਣੀ ਦੇ ਕੰਢੇ 'ਤੇ ਆ ਬੈਠਾ। ਅਚਾਨਕ ਉਸ ਨੇ ਜਲ-ਦੇਵਤਾ ਨੂੰ ਆਪਣੇ ਵੱਲ ਆਉਂਦੇ ਵੇਖਿਆ। ਜਲ ਦੇਵਤਾ ਨੇ ਲੱਕੜਹਾਰੇ ਦੇ ਲਾਗੇ ਆ ਕੇ ਪੁੱਛਿਆ, ਭਾਈ! ਸੁੱਖੀ-ਸਾਂਦੀ ਤੂੰ ਕਿਉਂ ਆਪਣੀ ਰੋਣੀ ਸ਼ਕਲ ਬਣਾਈ ਹੈ? ਬੜੇ ਯਤਨ ਨਾਲ ਲੱਕੜਹਾਰੇ ਨੇ ਹਿੰਮਤ ਜੁਟਾ ਕੇ ਜਲ ਦੇਵਤਾ ਨੂੰ ਪਾਣੀ ਵਿਚ ਡਿੱਗੀ ਆਪਣੀ ਕੁਹਾੜੀ ਦੀ ਵਿਥਿਆ ਸੁਣਾਈ। ਉਸਦੀ ਕਹਾਣੀ ਸੁਣ ਕੇ ਜਲ ਦੇਵਤਾ ਨੂੰ ਉਸ ਤੇ ਤਰਸ ਆਇਆ। ਜਲ ਦੇਵਤਾ ਨੇ ਪਾਣੀ ਦੇ ਵਿੱਚ ਇੱਕ ਗੋਤਾ ਲਗਾਇਆ। ਕੁੱਝ ਪਲ ਮਗਰੋਂ ਜਦੋਂ ਦੇਵਤਾ ਪਾਣੀ ਵਿੱਚੋਂ ਬਾਹਰ ਆਇਆ ਤਾਂ ਸੋਨੇ ਦਾ ਇੱਕ ਨਵਾਂ ਕੁਹਾੜਾ ਉਸਨੇ ਹਵਾ



ਵਿੱਚ ਲਹਿਰਾਇਆ ਤੇ ਉਸਨੂੰ ਪੁੱਛਣ ਲੱਗਾ ਕਿ ਇਹੋ ਕੁਹਾੜਾ ਤੇਰਾ ਕੁਹਾੜਾ ਹੈ ? ਲੱਕੜਹਾਰਾ ਬੋਲਿਆ, ਨਾ ਜੀ, ਇਹ ਮੇਰਾ ਕੁਹਾੜਾ ਨਹੀਂ ਹੈ। ਦੇਵਤੇ ਨੇ ਫਿਰ ਪਾਣੀ ਦੇ ਵਿੱਚ, ਡੁਬਕੀ ਲਾਈ ਤੇ ਚਾਂਦੀ ਦੀ ਇੱਕ ਹੋਰ ਕੁਹਾੜੀ ਕੱਢ ਕੇ ਓਸ ਨੂੰ ਦਿਖਾਈ। ਲੱਕੜ ਹਾਰੇ ਨੇ ਰੋਂਦੇ ਹੋਏ ਕਿਹਾ ਕਿ ਮੇਰਾ ਕੁਹਾੜਾ ਤਾਂ ਲੋਹੇ ਦਾ ਹੈ। ਮੈਂ ਇਸ ਚਾਂਦੀ ਦੇ ਕੁਹਾੜੇ ਦਾ ਕੀ ਕਰਨਾ ਹੈ।



ਲੱਕੜ ਹਾਰੇ ਦੀ ਇਮਾਨਦਾਰੀ ਤੇ ਜਲ ਦੇਵਤਾ ਵੀ ਮੁਸਕਰਾਇਆ । ਤੀਜੀ ਡੁਬਕੀ ਲਗਾ ਕੇ ਦੇਵਤਾ ਨੇ ਅਸਲ ਕੁਹਾੜਾ ਕੱਢ ਕੇ ਉਸਨੂੰ ਫੜਾਇਆ ।ਲੱਕੜਹਾਰਾ ਸੋਨੇ, ਚਾਂਦੀ ਦੇ ਲਾਲਚ ਵਿੱਚ ਨਾ ਆਇਆ । ਜਲ ਦੇਵਤਾ ਲੱਕੜਹਾਰੇ ਦੀ ਇਮਾਨਦਾਰੀ ਤੋਂ ਬਹੁਤ ਖੁਸ਼ ਹੋਇਆ । ਜਲ ਦੇਵਤਾ ਨੇ ਤਿੰਨੇਂ ਕੁਹਾੜੀਆਂ ਉਸਨੂੰ ਇਨਾਮ ਦੇ ਵਿਚ ਦੇ ਦਿੱਤੀਆਂ ।

ਸਿੱਟਾ- ਸਾਨੂੰ ਕਦੇ ਵੀ ਕਿਸੇ ਚੀਜ਼ ਦਾ ਲਾਲਚ ਨਹੀਂ ਕਰਨਾ ਚਾਹੀਦਾ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਇਲ 7508727529 ★

★ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰਡੋਰੀ ਰਣ ਸਿੰਘ। ★